ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਜੰਗਲ ਦਾ ਸਕੂਲ




ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਜੰਗਲ ਦਾ ਸਕੂਲ


ਲੇਖਕ
ਮਾਧਵ ਚੱਵਾਨ

ਸੰਕਲਪਨਾ
ਮੀਰਾ ਤੇਂਦੁਲਕਰ

ਚਿੱਤਰ
ਕੇਤਨ ਰਾਉਤ

ਪੰਜਾਬੀ ਅਨੁਵਾਦ
ਐੱਸ. ਵਕੀਲ

ਇੱਕ ਸੰਘਣਾ ਜੰਗਲ ਸੀ।



ਜੰਗਲ ਵਿੱਚ ਸੰਘਣਾ ਹਨ੍ਹੇਰਾ ਸੀ।
ਚਾਰੇ ਪਾਸੇ ਬਹੁਤ ਵੱਡੇ-ਵੱਡੇ ਦਰੱਖ਼ਤ ਸਨ।
ਉਨ੍ਹਾਂ ਵਿਚਕਾਰ ਪਗਡੰਡੀਆਂ ਸਨ।
ਬਹੁਤ ਸਾਰੇ ਜਾਨਵਰ ਅਤੇ ਪੰਛੀ ਜੰਗਲ ਵਿੱਚ ਰਹਿੰਦੇ ਸਨ।



ਇੱਕ ਦਿਨ ਸਾਰੇ ਜਾਨਵਰ ਇਕੱਠੇ ਹੋਏ।

"ਕੀ ਤੁਸੀਂ ਕੁਝ ਸੁਣਿਆ ਹੈ?" ਤੋਤੂ ਤੋਤੇ ਨੇ ਪੁੱਛਿਆ।

ਹਿਰਨੀ ਨੇ ਕਿਹਾ, "ਹਾਂ।"

"ਕੀ? ਕੀ? ਕੀ?" ਡਰਪੋਕ ਖ਼ਰਗੋਸ਼ ਨੇ ਪੁੱਛਿਆ।

ਮਿੰਕੂ ਬਾਂਦਰ ਬੋਲਿਆ, "ਸਾਡੇ ਜੰਗਲ ਵਿੱਚ ਇੱਕ ਸਕੂਲ ਹੈ।"

ਮੋਟਾ ਹਾਥੀ ਸੋਚਦਾ ਰਹਿ ਗਿਆ, "ਹਮਮਮ.."

ਲੰਬੂ ਜ਼ਿਰਾਫ਼ ਖੁਸ਼ ਹੋ ਗਿਆ।

ਧੀਮੇ ਘੋਗੇ ਨੇ ਜ਼ੋਰ ਨਾਲ਼ ਕਿਹਾ, "ਚਲੋ ਛੇਤੀ,

ਅਸੀਂ ਸਾਰੇ ਉੱਥੇ ਚੱਲਦੇ ਹਾਂ।"



ਤੋਤਾ ਸਭ ਤੋਂ ਅੱਗੇ ਉੱਡਿਆ।

ਮਿੰਕੂ ਇੱਕ ਦਰੱਖ਼ਤ ਤੋਂ ਦੂਜੇ ਦਰੱਖ਼ਤ ’ਤੇ ਛਾਲਾਂ ਮਾਰਦਾ ਗਿਆ।

ਅੱਜੂ ਅਜਗਰ ਤੇਜ਼ੀ ਨਾ਼ਲ ਰੀਂਗਣ ਲੱਗਿਆ।

“ਦੇਖੋ”, ਤੋਤੂ ਨੇ ਰੌਲ਼ਾ ਪਾਇਆ।

“ਕੀ ਤੁਸੀਂ ਇਸ ਨੂੰ ਪੜ੍ਹ ਸਕਦੇ ਹੋ?”

ਪੁੱਠਾ ਲਟਕਦੇ ਹੋਏ ਮਿੰਕੂ ਨੇ ਕਿਹਾ, “ਲੱਗਦਾ ਹੈ ਸਭ ਕੁਝ

ਪੁੱਠਾ ਲਿਖਿਆ ਹੈ।”

ਅੱਜੂ ਨੇ ਲੰਮਾ ਸਾਹ ਲਿਆ – “ਹਿਸ... ਸ... ਸ...!”

ਇੱਥੇ ਕਿਸੇ ਨੂੰ ਪੜ੍ਹਨਾ ਨਹੀਂ ਆਉਂਦਾ।


ਸਕੂਲ ਦਾ ਰਸਤਾ

ਛੇਤੀ ਹੀ ਸਾਰੇ ਦੋਸਤ ਇਕੱਠੇ ਹੋ ਗਏ।

ਲੰਬੂ ਨੇ ਦਰੱਖ਼ਤ ਦੇ ਉੱਪਰ ਦੇਖਿਆ, “ਇੱਥੇ ਕੋਈ ਨਹੀਂ ਹੈ।”

ਮਿੰਕੂ ਬੋਲਿਆ, “ਇੱਥੇ ਕੋਈ ਨਹੀਂ ਹੈ।”

ਤੋਤੂ ਨੇ ਕਿਹਾ, “ਧਿਆਨ ਨਾਲ਼ ਦੇਖੋ, ਲੱਭੋ–ਲੱਭੋ।”

ਛੋਟੇ ਭਾਲੂ ਨੇ ਐਲਾਨ ਕੀਤਾ,


“ਇੱਕ ਛੋਟਾ ਜਿਹਾ ਕਮਰਾ ਮਿਲਿਆ ਹੈ।”



ਧੀਮੇ ਨੇ ਕਿਹਾ, “ਮੈਨੂੰ ਇੱਕ ਝੂਲਾ ਮਿਲਿਆ ਹੈ।”
ਡਰਪੋਕ ਖ਼ਰਗੋਸ਼ ਨੇ ਪੁੱਛਿਆ,
“ਇਹ ਬਲਾਕ ਕਿਸ ਕੰਮ ਦੇ ਹਨ?”
ਮਿੰਕੂ ਬਾਂਦਰ ਨੇ ਪੁੱਛਿਆ, “ਇਹ ਕੀ ਹੈ?”
ਤੋਤੂ ਤੋਤੇ ਨੇ ਸਮਝਾਇਆ, “ਸ਼ਾਇਦ ਇਹ ਪੈੱਨਸਿਲ ਹੈ।”



ਮੋਟੇ ਅਤੇ ਲੰਬੂ ਨੇ ਇੱਕ ਕਮਰਾ ਦੇਖਿਆ।
ਉਨ੍ਹਾਂ ਨੇ ਸਭ ਨੂੰ ਬੁਲਾਇਆ, "ਦੇਖੋ, ਇੱਥੇ ਕੀ ਹੈ?"
ਸਾਰੇ ਸਕੂਲ ਬੈਗ ਲੈ ਕੇ ਆਏ ਸਨ।
ਉਹ ਸਭ ਰੌਲ਼ਾ ਪਾਉਣ ਲੱਗੇ, "ਟੀਚਰ, ਟੀਚਰ!
ਸਾਡੀ ਟੀਚਰ ਕਿੱਥੇ ਹੈ?"
ਕਿਸੇ ਨੂੰ ਵੀ ਪਤਾ ਨਹੀਂ ਸੀ।



ਉਸੇ ਸਮੇਂ ਉਨ੍ਹਾਂ ਨੂੰ ਇੱਕ ਦਹਾੜ ਸੁਣਾਈ ਦਿੱਤੀ।

ਫੇਰ ਇੱਕ ਹੋਰ ਉੱਚੀ ਦਹਾੜ।

ਉਸ ਤੋਂ ਬਾਅਦ ਇੱਕ ਹੋਰ ਜ਼ੋਰਦਾਰ ਦਹਾੜ।

ਅੱਜੂ ਅਤੇ ਮਿੰਕੂ ਪਰੇਸ਼ਾਨ ਹੋ ਗਏ।

ਧੀਮਾ ਡਰ ਗਿਆ।

ਤੋਤੂ ਬੋਰਡ ਦੇ ਪਿੱਛੇ ਲੁਕ ਗਿਆ।



"ਇਹ ਕੌਣ ਹੈ?"

ਮਿੰਕੂ ਬੋਲਿਆ, "ਹੱਪ" ਚਾਰੇ ਪਾਸੇ ਚੁੱਪ!

ਸਭ ਟੀਚਰ ਵੱਲ ਦੇਖ ਰਹੇ ਸਨ।

ਉੱਪਰ-ਥੱਲੇ, ਬੜੇ ਹੀ ਧਿਆਨ ਨਾਲ਼।

ਫੇਰ ਉਨ੍ਹਾਂ ਨੇ ਇੱਕ ਦੂਜੇ ਵੱਲ ਦੇਖਿਆ।



ਟੀਚਰ ਬਲੈਕ ਬੋਰਡ ਵੱਲ ਮੁੜਿਆ ਅਤੇ ਲਿਖਣਾ ਸ਼ੁਰੂ ਕੀਤਾ।
ਸਾਰੇ ਜਾਨਵਰ ਚਾਕ ਨਾਲ਼ ਬਲੈਕ-ਬੋਰਡ ’ਤੇ ਲਿਖਿਆ
ਦੇਖ ਬਹੁਤ ਹੈਰਾਨ ਹੋਏ।



ਜੰਗਲ ਵਿੱਚ ਸਕੂਲ ਖੁੱਲ੍ਹਦੇ ਹੀ ਸਾਰੇ ਜਾਨਵਰ ਬੜੇ ਉਤਸ਼ਾਹ ਨਾਲ਼ ਉੱਥੇ ਜਾਂਦੇ ਹਨ। ਜਾਨਣ ਲਈ ਪੜ੍ਹੋ, ਜੰਗਲ ਦਾ ਸਕੂਲ।

***Jungle da School*** (Punjabi), adaptation of translation by S. Waqeel, text and illustrations adapted from original story ***The Jungle School*** (English), written by Madhav Chavan and Meera Tendolkar, illustrated by Ketan Raut, supported by Dubai Creek Round Table, Dubai UAE, published by Pratham Books (© Pratham Books, 2004) under a CC BY 4.0 license on StoryWeaver. Read, create and translate stories for free on www.storyweaver.org.in

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM BOOKS**
**A Book in Every Child's Hand**

Pratham Books is a not-for-profit organization that publishes books in multiple Indian languages to promote reading among children.

**PRATHAM**

Pratham is an innovative learning organization created to improve the quality of education in India.

**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ**